## ਰੱਖਿਆ ਸੇਵਾਵਾਂ ਭਲਾਈ ਵਿਭਾਗ ਰਾਹੀਂ ਪੰਜਾਬ ਸਰਕਾਰ ਦੀਆਂ ਸਕੀਮਾਂ

(ੳ) **ਸਾਬਕਾ ਸੈਨਿਕਾਂ/ਵਿਧਵਾਵਾਂ ਨੂੰ ਮਾਲੀ ਸਹਾਇਤਾ** ਜਿਨ੍ਹਾਂ ਸਾਬਕਾ ਸੈਨਿਕਾਂ ਨੇ ਵਿਸ਼ਵ ਜੰਗ 1 ਅਤੇ 2 ਵਿੱਚ ਹਿੱਸਾ ਲਿਆ ਸੀ, ਜਿਨ੍ਹਾਂ ਸਾਬਕਾ ਸੈਨਿਕਾਂ ਨੂੰ ਫੌਜ਼ ਵੱਲੋਂ ਕਿਸੇ ਵੀ ਤਰ੍ਹਾਂ ਦੀ ਕੋਈ ਪੈਨਸ਼ਨ ਨਹੀਂ ਦਿੱਤੀ ਗਈ ਸੀ ਅਤੇ ਜਿਨ੍ਹਾਂ ਦੀ ਆਮਦਨ ਸਾਰੇ ਵਸੀਲਿਆਂ ਤੋਂ 1.00 ਲੱਖ ਰੁਪਏ ਸਲਾਨਾ ਤੋਂ ਵੱਧ ਨਹੀਂ ਹੈ ਅਤੇ ਉਮਰ 65 ਸਾਲਾਂ ਤੋਂ ਵੱਧ ਹੈ ਨੂੰ ਪੰਜਾਬ ਸਰਕਾਰ ਵੱਲੋਂ 2000/-ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

(ਅ) **ਜੰਗੀ ਜਾਗੀਰ** ਜੰਗੀ ਜਾਗੀਰ ਦੀ ਅਦਾਇਗੀ 10,000/-ਰੁਪਏ ਸਲਾਨਾ ਦੀ ਦਰ ਨਾਲ ਉਹਨਾਂ ਮਾਪਿਆਂ ਨੂੰ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਇੱਕ, ਦੋ ਜਾਂ ਜ਼ਿਆਦਾ ਬੱਚੇ ਰਾਸ਼ਟਰੀ ਆਪਾਤ ਕਾਲੀਨ ਦੌਰਾਨ ਫੌਜ਼ ਵਿੱਚ ਭਰਤੀ ਹੋਏ ਸਨ।

(ੲ) **ਬਹਾਦਰੀ ਪੁਰਸਕਾਰ ਜੇਤੂਆਂ ਨੂੰ ਨਕਦ ਇਨਾਮ/ਐਨੂਇਟੀ/ਜ਼ਮੀਨ ਬਦਲੇ ਵਿੱਤੀ ਗ੍ਰਾਂਟ** ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਬਹਾਦਰੀ ਪੁਰਸਕਾਰ ਵਿਜਤਾਵਾਂ ਜਾਂ ਉਹਨਾਂ ਦੀਆਂ ਵਿਧਵਾਵਾਂ ਨੂੰ ਅਵਾਰਡ ਦੇ ਹਿਸਾਬ ਨਾਲ ਨਕਦ ਇਨਾਮ/ਐਨੂਇਟੀ/ਜ਼ਮੀਨ ਬਦਲੇ ਵਿੱਤੀ ਗ੍ਰਾਂਟ ਮੁਹੱਈਆ ਕਰਵਾਈ ਜਾਂਦੀ ਹੈ।

(ਸ) **ਜੰਗੀ ਵਿਧਵਾਵਾਂ ਨੂੰ ਸਫ਼ਰੀ ਭੱਤਾ** ਪੰਜਾਬ ਸਰਕਾਰ ਵੱਲੋਂ 1948, 1962, 1965 ਅਤੇ 1971 ਦੀਆਂ ਲੜਾਈਆਂ, ਉਪਰੇਸ਼ਨ ਪਵਨ ਅਤੇ ਓਪਰੇਸ਼ਨ ਮੇਘਦੂਤ ਦੀਆਂ ਜੰਗੀ ਵਿਧਵਾਵਾਂ ਨੂੰ 150/-ਰੁਪਏ ਮਹੀਨਾ ਸਫ਼ਰੀ ਭੱਤਾ ਦਿੱਤਾ ਜਾਂਦਾ ਹੈ।

(ਹ) **ਐਮ.ਐਮ. ਜੀ. (ਮਾਸਿਕ ਗੁਜ਼ਾਰਾ ਭੱਤਾ)** ਜਿਨ੍ਹਾਂ ਸੈਨਿਕਾਂ ਨੇ ਫੌਜ਼ ਦੀ ਸੇਵਾ ਕਰਦਿਆਂ ਬਲਿਊ ਸਟਾਰ ਓਪਰੇਸ਼ਨ ਦੌਰਾਨ ਆਪਣੀਆਂ ਬੈਰਕਾਂ ਛੱਡ ਦਿੱਤੀਆਂ ਸਨ ਤੇ ਫੌਜ਼ ਨੇ ਉਹਨਾਂ ਵੱਲੋਂ ਉਹਨਾਂ ਨੂੰ ਸੇਵਾ ਵਿੱਚੋਂ ਕੱਢ ਦਿੱਤਾ ਗਿਆ ਸੀ ਅਜਿਹੇ ਸੈਨਿਕਾਂ ਨੂੰ ਸਰਕਾਰ ਵੱਲੋ ਧਰਮੀ ਫੌਜੀ ਐਲਾਨਿਆ ਗਿਆ ਹੈ। ਇਸ ਸਕੀਮ ਅਧੀਨ ਧਰਮੀ ਫੌਜ਼ੀ ਨੂੰ 3000/-ਰੁ. ਅਤੇ ਵਿਧਵਾ ਨੂੰ 5000/-ਰੁ. ਮਾਸਿਕ ਗੁਜ਼ਾਰਾ ਭੱਤਾ ਦਿੱਤਾ ਜਾਂਦਾ ਹੈ।

(ਕ) **ਐਕਸ਼ ਗ੍ਰੇਸ਼ੀਆ ਗ੍ਰਾਂਟ** ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਉਪਰੇਸ਼ਨਾਂ ਦੌਰਾਨ ਸ਼ਹੀਦ/ਨਕਾਰਾ ਹੋਏ ਸੈਨਿਕਾਂ ਅਤੇ ਉਹਨਾਂ ਦੇ ਵਾਰਸਾਂ ਨੂੰ ਹੇਠ ਲਿਖੇ ਅਨੁਸਾਰ ਐਕਸ਼ ਗ੍ਰਾਂਟ ਦੇ ਰਹੀ ਹੈ :-

| ਕੈਟੇਗਰੀ | ਸ਼ਹੀਦ ਹੋਏ/75% ਤੋਂ ਵੱਧ ਨਕਾਰਾ ਹੋਏ ਸੈਨਿਕ | 50% ਤੋਂ 75% ਨਕਾਰਾ | 25% ਤੋ 50% ਨਕਾਰਾ |
|---|---|---|---|
| ਅਫ਼ਸਰ, ਜੇ.ਸੀ.ਓਜ਼ ਅਤੇ ਦੂਸਰੇ ਰੈਂਕ | 2.00 ਲੱਖ ਰੁਪਏ | 1.00 ਲੱਖ ਰੁਪਏ | 50,000/-ਰੁਪਏ |

(ਖ) **ਡੀ.ਐਸ. ਡਬਲਿਊ-6 ਸਕੀਮ** ਪੰਜਾਬ ਸਰਕਾਰ ਵੱਲੋਂ ਇਸ ਸਕੀਮ ਤਹਿਤ ਵਿਆਹੇ ਹੋਏ ਸ਼ਹੀਦਾਂ ਦੇ ਮਾਪਿਆਂ ਨੂੰ 2.00 ਲੱਖ ਰੁਪਏ ਦੀ ਵਾਧੂ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

(ਗ) **ਡੀ.ਐਸ. ਡਬਲਿਊ-7 ਸਕੀਮ** ਪੰਜਾਬ ਸਰਕਾਰ ਵੱਲੋਂ ਇਸ ਸਕੀਮ ਤਹਿਤ ਵਾਰ-ਹੀਰੋ ਦੀ ਵਿਧਵਾ ਜਾਂ ਕੁਵਾਰੇ ਵਾਰ-ਹੀਰੋ ਦੇ ਮਾਤਾ-ਪਿਤਾ ਨੂੰ ਵਾਰ-ਹੀਰੋਜ਼ ਪਰਿਵਾਰਕ ਰੀਲੀਫ਼ ਫੰਡ ਵਿੱਚੋਂ ਪਲਾਟ/ਘਰ ਦੇ ਬਦਲੇ 5.00 ਲੱਖ ਰੁਪਏ ਦੀ ਨਕਦ ਰਾਸ਼ੀ ਦੀ ਅਦਾਇਗੀ ਕੀਤੀ ਜਾਂਦੀ ਹੈ।

(ਘ) **ਸਰਕਾਰੀ ਹਸਪਤਾਲਾਂ ਵਿੱਚ ਸਹਾਇਤਾ** ਪੰਜਾਬ ਸਰਕਾਰ ਨੇ ਜ਼ਿਲ੍ਹਾ ਪੱਧਰ ਤੇ 100 ਜਾਂ ਇਸ ਤੋਂ ਵੱਧ ਬੈੱਡ ਵਾਲੇ ਸਰਕਾਰੀ ਹਸਪਤਾਲਾਂ ਵਿੱਚ ਸਾਬਕਾ ਸੈਨਿਕਾਂ ਲਈ 05 ਬੈੱਡ ਰਾਖਵੇਂ ਕੀਤੇ ਹਨ।